## 66

# ‘‘ਪੌਲੁਸ, ਤੂੰ ਕੀਤਾ ਕਿਵੇਂ ?’’

## (21:17-26)

ਯਰੂਸ਼ਲਮ ਜਾ ਕੇ ਪੌਲੁਸ ਕਲੇਸ਼ ਦੇ ਆਉਣ ਦੀ ਉਡੀਕ ਕਰ ਰਿਹਾ ਸੀ (ਰੋਮੀਆਂ 15:30, 31;ਰਸੂਲਾਂ ਦੇ ਕੰਮ 20:22, 23)। ਉਨੂੰ ਇਹ ਲਗਦਾ ਸੀ ਕਿ ਯਹੂਦੀ ਸਮਾਜ ਮਸੀਹੀ ਘਮੰਡ ਕਰ ਕੇ ਗੈਰ ਯਹੂਦੀਆ ਮਸੀਹੀਆਂ ਤੋਂ ਮਿਲਣ ਵਾਲਾ ਚੰਦਾ ਕਬੂਲ ਨਹੀਂ ਕਰਨਗੇ। ਉਨੂੰ ਪਤਾ ਸੀ ਕਿ ਉਹਦੇ ਪੁਰਾਣੇ ਸਹਿਯੋਗੀਆ ਤੋਂ, ਜੋ ਉਨੂੰ ਬੇਦੀਨ ਹੋਇਆ ਮੰਨਦੇ ਸਨ, ਕਲੇਸ਼ ਝੱਲਣਾ ਪੈ ਸਕਦਾ ਹੈ। ਆਤਮਾ ਨੇ ਉਹਨੂੰ ਦੱਸ ਦਿੱਤਾ ਸੀ ਕਿ ਉਹ ਗ੍ਰਿਫ਼ਤਾਰ ਕੀਤਾ ਜਾਵੇਗਾ। ਯਰੂਸ਼ਲਮ ਦੇ ਬਾਜ਼ਾਰਾਂ ਵਿਚੋਂ ਦੀ ਲੰਘਦਿਆਂ ਇਸ ਹੈਰਾਨੀ ਨਾਲ ਕਿ ਕਲੇਸ਼ ਕਿੱਧਰੋਂ ਆਵੇਗਾ, ਉਹ ਬਾਰ-ਬਾਰ ਇੱਧਰ ਉੱਧਰ ਝਾਕ ਰਿਹਾ ਸੀ। ਫਿਰ ਉਹ ਬਜ਼ੁਰਗਾਂ ਦੀ ਸਭਾ ਵਿਚ ਚਲਾ ਗਿਆ ਜਿਥੇ ਉਹਨੂੰ ਲੱਗਦਾ ਸੀ ਕਿ ਉਹ ਸੁਰੱਖਿਅਤ ਹੋਵੇਗਾ, ਪਰ ਕਲੇਸ਼ ਉਥੇ ਹੀ ਸੀ!

> ਉਨ੍ਹਾਂ... ਉਸ ਨੂੰ ਕਿਹਾ, ਭਾਈ ਜੀ, ਤੂੰ ਵੇਖਦਾ ਹੈਂ ਜੋ ਯਹੂਦੀਆਂ ਵਿਚ ਕਿੰਨੇਕੁ ਹਜ਼ਾਰ ਨਿਹਚਾਵਾਨ ਹਨ ਅਰ ਸੱਭੇ ਸ਼ਰਾ ਦੇ ਗੈਰਤ ਵਾਲੇ ਹਨ ਅਤੇ ਉਹਨਾਂ ਤੇਰੀ ਇਹ ਖਬਰ ਸੁਣੀ ਹੈ ਜੋ ਤੂੰ ਸਾਰੇ ਯਹੂਦੀਆਂ ਨੂੰ ਜਿਹੜੇ ਪਰਾਈਆਂ ਕੌਮਾਂ ਵਿਚ ਵੱਸਦੇ ਹਨ ਇਹ ਸਿਖਾਲਦਾ ਹੈਂ ਭਈ ਮੂਸਾ ਨੂੰ ਤਿਆਗੋ ਅਤੇ ਆਖਦਾ ਹੈਂ ਜੋ ਆਪਣਿਆਂ ਬਾਲਕਾਂ ਦੀ ਸੁੰਨਤ ਨਾ ਕਰਾਵਾਓ ਅਤੇ ਰੀਤਾਂ ਉੱਤੇ ਨਾ ਚੱਲੋ। ਸੋ ਹੁਣ ਕੀ ਗੱਲ ਹੋਵੇ? ਓਹ ਜਰੂਸ ਸੁਣ ਲੈਣਗੇ ਜੋ ਤੂੰ ਆਇਆ ਹੈਂ। ਇਸ ਲਈ ਤੂੰ ਐਉਂ ਕਰ ਜਿਸ ਤਰ੍ਹਾਂ ਅਸੀਂ ਤੈਨੂੰ ਦੱਸਦੇ ਹਾਂ। ਸਾਡੇ ਕੋਲ ਚਾਰ ਪੁਰਖ ਹਨ ਜਿਹਨਾਂ ਮੰਨਤ ਮੰਨੀ ਹੈ। ਤੂੰ ਉਹਨਾਂ ਨੂੰ ਲੈ ਕੇ ਆਪਣੇ ਤਾਈਂ ਉਹਨਾਂ ਦੇ ਨਾਲ ਸ਼ੁੱਧ ਕਰ ਅਤੇ ਉਹਨਾਂ ਦੇ ਲਈ ਕੁਝ ਖਰਚ ਕਰ ਜੋ ਓਹ ਆਪਣੇ ਸਿਰ ਮੁਨਾਉਣ ਤਾ ਸਭ ਲੋਕ ਜਾਣਦੇ ਨੇ ਭਈ ਜਿਹੜੀਆਂ ਗੱਲਾਂ ਉਹ ਦੇ ਵਿਖੇ ਅਸਾਂ ਸੁਣੀਆਂ ਹਨ ਸੋ ਕੁਝ ਨਹੀਂ ਸਗੋਂ ਇਹ ਕਿ ਉਹ ਆਪ ਭੀ ਸ਼ਰਾ ਨੂੰ ਮੰਨ ਕੇ ਸਿੱਧੀ ਚਾਲ ਚੱਲਦਾ ਹੈ (21:20-24)।

ਸਾਨੂੰ ਹੈਰਾਨੀ ਹੁੰਦੀ ਹੈ ਕਿ ਪੌਲੁਸ ਨੇ ਉਨ੍ਹਾਂ ਦੀ ਗੈਰ ਮਾਮੁਲੀ ਮੰਗ ਪੂਰੀ ਕਰ ਦਿਤੀ: ‘‘ਤਦ ਪੌਲੁਸ ਨੇ ਉਹਨਾਂ ਮਨੁੱਖਾਂ ਨੂੰ ਨਾਲ ਲਿਆ ਅਤੇ ਦੂਜੇ ਦਿਨ ਉਹਨਾਂ ਸਣੇ ਆਪ ਨੂੰ ਸ਼ੁੱਧ ਕਰ ਕੇ ਹੈਕਲ ਵਿਚ ਗਿਆ ਅਰ ਸ਼ੁੱਧ ਹੋਣ ਦੇ ਦਿਨਾਂ ਦੇ ਪੂਰੇ ਹੋਣ ਦੀ ਖਬਰ ਦਿੰਦਾ ਗਿਆ ਜਦ ਤਾਈਂ ਉਹਨਾਂ ਵਿੱਚੋਂ ਹਰੇਕ ਦੇ ਲਈ ਭੇਟ ਚੜ੍ਹਾਈ ਨਾ ਗਈ’’ (ਆਇਤ 26)। ਇਹ ਜਾਣਦੇ ਹੋਏ ਕਿ ਉਨ੍ਹਾਂ ਕੁਰਬਾਨੀਆਂ ਵਿਚ ਪਾਪ ਬਲੀਆਂ ਵੀ ਸਨ, ਅਸੀਂ ਚਿੱਲਾ ਉਠਦੇ ਹਾਂ, ‘‘ਪੌਲੁਸ, ਇਹ ਬਲਿਦਾਨ ਕਿਉਂ?’’

ਸਾਡੇ ਦਿਮਾਗ ਵਿਚ ਕਈ ਸਵਾਲ ਹਨ ਕਿ ਪੌਲੁਸ ਨੇ ਸਹੀ ਕੀਤਾ ਜਾਂ ਗਲਤ? ਭਲਾ ਅੱਜ ਕੁਰਬਾਨੀ ਦੇਣਾ ਸਹੀ ਹੋਵੇਗਾ, ਖਾਸ ਕਰ ਕੇ ਜੇ ਅਸੀਂ ਯਹੂਦੀ ਹੁੰਦੇ? ਇਸ ਪਾਠ ਵਿਚ ਇਨ੍ਹਾਂ ਹੀ ਸਵਾਲਾਂ ਦਾ ਜਵਾਬ ਲੱਭਣ ਦੀ ਕੋਸ਼ਿਸ਼ ਕੀਤੀ ਜਾਵੇਗੀ।

## ਮਨੁੱਖ ਦੀਆਂ ਉਲਝਾਉਣ ਵਾਲੀਆਂ ਗੱਲਾਂ

ਆਓ ਇਸ ਸਵਾਲ ਨਾਲ ਸ਼ੁਰੂ ਕਰਦੇ ਹਾਂ, ''ਬਜ਼ੁਰਗਾਂ ਦੀ ਮੰਗ ਪੂਰੀ ਕਰ ਕੇ ਭਲਾ ਪੌਲੁਸ ਨੇ ਸਹੀ ਕੀਤਾ?'' ਇਸ ਮੁੱਦੇ 'ਤੇ ਵਿਚਾਰ ਦੀ ਮਾਣਯੋਗ ਮਸੀਹੀ ਵਿਦਵਾਨਾਂ ਵਿਚ ਵੀ ਕੋਈ ਸਹਿਮਤੀ ਨਹੀਂ ਮਿਲਦੀ, ਅਧਿਐਨ ਦੇ ਮਕਸਦ ਨਾਲ ਮੈਂ ਅਪਣੀ ਮਰਜ਼ੀ ਨਾਲ ਅਣਗਿਣਤ ਨਜਰੀਏ ਚਾਰ ਸਿਰਲੇਖਾਂ ਵਿਚ ਵੰਡਦਾ ਹਾਂ :

**ਬਗੈਰ ਸ਼ਰਤ ਦੇ ''ਹਾਂ!''**

ਕੁੱਝ ਲੋਕ ਇਸ ਸਵਾਲ ਦਾ ਜਵਾਬ ਬਗੈਰ ਸ਼ਬਦ ਦੇ ''ਹਾਂ'' ਬਗੈਰ ਸ਼ਰਤ 'ਤੇ ਦੱਸਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਜੋ ਕੁੱਝ ਵੀ ਪੌਲੁਸ ਅਤੇ ਬਜੁਰਗਾਂ ਨੇ ਕੀਤਾ ਉਹ ਬਿਲਕੁਲ ਸਹੀ ਸੀ ਅਤੇ ਉਨ੍ਹਾਂ ਦਾ ਢੰਗ ਹਮੇਸ਼ਾਂ ਹਰ ਥਾਂ ਸਹੀ ਹੋਵੇਗਾ ਅਤੇ ਉਨ੍ਹਾਂ ਦੀ ਤਾਰੀਫ਼ ਕਰਦਿਆਂ ਉਤਸਾਹ ਨਾਲ ਉਨ੍ਹਾਂ ਦੇ ਮਗਰ ਚਲਣਾ ਚਾਹੀਦਾ ਹੈ। ਇਹ ਜਮਾਤ ਪੌਲੁਸ ਦੀ ਉਸ ਧਿਆਨ ਦਵਾਊ ਮਿਸਾਲ ਵਲ ਜਿਸ ਵਿਚ ਉਹਨੇ ਕਿਹਾ ਕਿ ''ਮੈਂ ਸੱਭਨਾ ਲਈ ਸੱਭ ਕੁੱਝ ਬਣਿਆ ਹਾਂ ਤਾਂ ਜੋ ਮੈਂ ਹਰ ਤਰਾਂ ਨਾਲ ਕਈਆਂ ਨੂੰ ਬਚਾਵਾਂ'' (1 ਕੁਰਿੰਥੀਆਂ 9:22ਅ) ਅਤੇ ਰੋਮੀਆਂ 14 ਵਿਚਲੇ ਕਮਜ਼ੋਰ ਭਾਈਆਂ ਨੂੰ ਬਰਦਾਸ਼ਤ ਕਰਨ ਦੀ ਪੌਲੁਸ ਦੀ ਸਿਖਿਆ ਦੀ ਪੂਰੀ ਤਸਵੀਰ ਵਲ ਧਿਆਨ ਦੁਆਉਂਦੇ ਹਾਂ।

ਇਹਦੇ ਸਬੂਤ ਦੇ ਤੌਰ 'ਤੇ ਕਿ ਜੋ ਕੁਝ ਪੌਲੁਸ ਅਤੇ ਬਜੁਰਗਾਂ ਨੇ ਕੀਤਾ ਉਹ ਸੱਭ ਕੁੱਝ ਸਹੀ ਸੀ, ਪਹਿਲਾ ਵਰਗ ਇਹ ਧਿਆਨ ਦੁਆਉਂਦਾ ਹੈ ਕਿ ਲੂਕਾ ਨੇ ਉਨ੍ਹਾਂ ਦੇ ਕੰਮ ਦੀ ਕਦੇ ਵੀ ਨਿਖੇਧੀ ਨਹੀਂ ਕੀਤੀ, ਅਤੇ ਉਸ ਘਟਨਾ ਵਿਚ ਅਪਣੇ ਯੋਗਦਾਨ ਬਾਰੇ ਪੌਲੁਸ ਦਾ ਮਨ ਸਾਫ਼ ਸੀ (23:1)। ਇਸ ਵਰਗ ਦਾ ਮੰਨਣਾ ਹੈ ਕਿ ਪੌਲੁਸ ਦੇ ਕੰਮ ਲੋਕਾਂ ਨਾਲ ਮਿਲ ਕੇ ਚੱਲਣ ਦੀ ਅਹਿਮਿਅਤ ਨੂੰ ਸਾਹਮਣੇ ਲਿਆਉਂਦੇ ਹਨ। ਕੁੱਝ ਲੋਕ ਤਾਂ ਇਥੋਂ ਤਕ ਸਮਝਾਉਂਦੇ ਹਨ ਕਿ ਡਾਕਟ੍ਰਿਨ ਸਬੰਧੀ ਗੱਲਾਂ ਨਾਲ ਪੈਰਵੀ ਕਰਨ ਨਾਲੋਂ ਮੇਲ ਵਧਾਉਣਾ ਬਹੁਤਾ ਅਹਿਮ ਹੈ।

ਇਸ ਸਥਿਤੀ ਦੇ ਕੁੱਝ ਪਹਿਲੂਆਂ 'ਤੇ ਮੈਂ ਸਹਿਮਤ ਹੋ ਸਕਦਾ ਹਾਂ, ਪਰ ਸਾਰਿਆਂ 'ਤੇ ਨਹੀਂ। ਅਸੀਂ ਸ਼ਾਇਦ ਠੋਕਰ ਤੋਂ ਬਚਣ ਦੀ ਕੋਸ਼ਿਸ਼ ਨਾਲ ਜੁੜੇ ਇਸ ਬ੍ਰਿਤਾਂਤ ਤੋਂ ਕੁੱਝ ਸਿੱਖ ਸਕਦੇ ਹਾਂ, ਪਰ ਜੋ ਕੁੱਝ ਪੌਲੁਸ ਅਤੇ ਬਜੁਰਗਾਂ ਨੇ ਕੀਤਾ ਉਹਦੇ ਲਈ ਉਨ੍ਹਾਂ ਦੀ ਤਾਰੀਫ਼ ਕਰਨਾ ਦੂਰ ਦੀ ਗੱਲ ਲੱਗਦੀ ਹੈ।

''ਸੱਭਨਾ ਲਈ ਸੱਭ ਕੁੱਝ'' ਬਣਨ ਦੀ ਪੌਲੁਸ ਦੀ ਨੀਤੀ ਬੇਵਿਸ਼ਵਾਸਿਆਂ ਨੂੰ ਜਿੱਤਣ ਲਈ ਬਣਾਈ ਗਈ ਸੀ, ਨਾ ਕਿ ਵਿਸ਼ਵਾਸੀਆਂ ਨੂੰ ਮਨਾਉਣ ਲਈ। ਜਿਥੋਂ ਤਕ ਯਰੂਸ਼ਲਮ ਵਿਚ ਬੇਵਿਸ਼ਵਾਸਿਆਂ ਦੀ ਗੱਲ ਸੀ, ਹੈਕਲ ਦੀ ਬੰਦਗੀ ਵਿਚ ਪੌਲੁਸ ਦਾ ਸ਼ਾਮਿਲ ਹੋਣਾ ਉਹਨੂੰ ਮਸ਼ਹੂਰੀ ਦਾ ਕੋਈ ਮੁਕਾਬਲਾ ਜਿੱਤਣ ਲਈ ਜਾਂ ਯਹੂਦੀਆਂ ਵਿਚ ਪ੍ਰਚਾਰ ਕਰਨਾ ਆਸਾਨ ਬਨਾਉਣ ਲਈ ਨਹੀਂ ਸੀ (ਵੇਖੋ 9:29; 22:17-20)।[1]

ਰੋਮੀਆਂ 14 ਅਜਿਹੇ ਰਿਵਾਜ਼ਾਂ ਬਾਰੇ ਦੱਸਦਾ ਹੈ ਜਿਨ੍ਹਾਂ ਨੂੰ ਲੋਕ ਨਜਰਅੰਦਾਜ ਕਰ ਹਹੇ

ਸਨ। ਸ਼ਰਾ ਵਿਚ ਦਿੱਤੇ ਕੁੱਝ ਹੁਕਮ ਐਨੇ ਅਹਿਮ ਨਹੀਂ ਸਨ ਜਿਸ ਨਾਲ ਨਵੇਂ ਨੇਮ ਦੀ ਸਿੱਖਿਆ ਪ੍ਰਭਾਵਤ ਹੁੰਦੀ (ਸੱਬਤ ਦੇ ਦਿਨਾਂ, ਖਾਣ ਪੀਣ ਦੇ ਨਿਯਮਾਂ ਆਦਿ 'ਤੇ ਆਧਾਰਤ), ਪਰ ਇਹ ਸਮਝਣਾ ਔਖਾ ਹੈ ਕਿ ਪਾਪ ਬਲੀ ਨੂੰ ''ਅਨਦੇਖੀ ਵਾਲੀ ਗੱਲ'' ਕਹਿ ਕੇ ਇਵੇਂ ਹੀ ਖਾਰਜ ਕਰ ਦਿਤਾ ਜਾਵੇ।

ਇਸ ਸਬੰਧ ਵਿਚ ਕਿਸੇ ਸਬੂਤ ਬਾਰੇ ਬਜ਼ੁਰਗਾਂ ਨੇ ਪੌਲੁਸ ਨੇ ਗਲਤ ਨਹੀਂ ਕੀਤਾ, ਇਹ ਵਰਗ ਅਜਿਹਾ ਸਬੂਤ ਦਿੰਦਾ ਹੈ ਜਿਸਨੂੰ ਮੰਨਣਾ ਔਖਾ ਹੈ। ਬਾਈਬਲ ਦੇ ਲੇਖਕ ਵਡਿਆਈ ਜਾਂ ਨਿਖੇਧੀ ਕਰਨ ਲਈ ਹਮੇਸ਼ਾ ਰੁਕਦੇ ਨਹੀਂ ਹਨ; ਉਤਪਤ 9:20, 21 ਵਿਚ ਨੂਹ ਦੇ ਸ਼ਰਾਬੀ ਹੋਣ ਅਤੇ ਮੂਸਾ ਦੇ ਵਿਹਾਰ 'ਤੇ ਗ਼ੌਰ ਕਰੋ। ਇਹ ਸੱਚ ਹੈ ਕਿ ਪੌਲੁਸ ਨੇ ਕਿਹਾ ਕਿ ਉਹਨੇ ਅਪਣੇ ਅੰਤਹਕਰਨ ਦੀ ਗੱਲ ਨਹੀਂ ਮੋੜੀ, ਪਰ ਉਸ ਗੱਲ ਵਿਚ ਉਹ ਸਮਾਂ ਵੀ ਲੈ ਲਿਆ ਗਿਆ ਜਦ ਉਹਨੇ ਮਸੀਹੀ ਲੋਕਾਂ ਨੂੰ ਸਤਾਇਆ ਸੀ (ਰਸੂਲਾਂ ਦੇ ਕੰਮ 8:1, 3)। ਪੌਲੁਸ ਦੀਆਂ ਗੱਲਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਉਹਨੇ ਬਜੁਰਗਾਂ ਦੇ ਹੁਕਮ ਨੂੰ ਮੰਨ ਕੇ *ਜਾਣਬੁਝ ਕੇ* ਗਲਤੀ ਨਹੀਂ ਕੀਤੀ; ਇਸ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਇਸ ਤੋਂ ਉਹਦੇ ਵਿਹਾਰ 'ਤੇ ਸ਼ੱਕ ਨਹੀਂ ਕੀਤਾ ਜਾ ਸਕਦਾ।

ਯਕੀਨਨ ਹੀ ਜੋ ਲੋਕ ਇਹ ਸਿਖਾਉਂਦੇ ਹਨ ਕਿ ਖ਼ੁਦਾ ਦਾ ਹੁਕਮ ਮੰਨਣ ਨਾਲੋਂ ਜ਼ਰੂਰੀ ਲੋਕਾਂ ਨੂੰ ਨਾਲ ਲੈ ਕੇ ਚੱਲਣਾ ਹੈ, ਉਹ ਬਹੁਤ ਹੀ ਦੂਰ ਨਿਕਲ ਜਾਂਦੇ ਹਨ। ਯਕੋਬ ਨੇ ਬਾਅਦ ਵਿਚ ਆਪ ਜ਼ੋਰ ਦਿੱਤਾ ਕਿ ਸੁਲ੍ਹਾ ਨਾਲੋਂ (ਭਾਵੇਂ ਉਹ ਨੈਤਿਕ ਹੋਵੇ ਜਾਂ ਡਾਕਟ੍ਰਿਨ ਸਬੰਧੀ) ਸ਼ੁੱਧਤਾ ਬਹੁਤੀ ਜ਼ਰੂਰੀ ਹੈ (ਯਾਕੂਬ 3:17)।

**ਸ਼ਰਤ ਸਹਿਤ ''ਹਾਂ''**

ਦੂਜਾ ਪੜਾ ਜੋ ਸ਼ਾਇਦ ਸਭ ਤੋਂ ਵੱਡਾ ਹੈ, ਆਪ ਵੀ ਹਾਂ ਨੂੰ ਇਹ ਕਹਿ ਕੇ ਜਾਇਜ਼ ਠਹਿਰਾਏਗਾ ਕਿ ''ਪੌਲੁਸ ਨੇ ਹਾਲਾਤ ਮੁਤਾਬਕ ਨਹੀਂ ਕੀਤਾ।'' ਉਹ ਸਭ ਉਨ੍ਹਾਂ ਬਚਾਅ ਦੇ ਹਾਲਤਾਂ 'ਤੇ ਸਹਿਮਤ ਨਹੀਂ ਹੋਣਗੇ, ਪਰ ਮੰਨਦੇ ਹਾਂ ਕਿ ਹਾਲਾਤ ਮੁਤਾਬਕ ਪੌਲੁਸ ਨੇ ਉਹੀ ਕੀਤਾ ਜੋ ਉਹ ਕਰ ਸਕਦਾ ਸੀ। ਕਈ ਹਾਲਾਤਾਂ ਬਾਰੇ ਜਿਨ੍ਹਾਂ ਦਾ ਆਮਤੌਰ 'ਤੇ ਜ਼ਿਕਰ ਹੁੰਦਾ ਹੈ ਐਬਤਹਾਂ ਅਤੇ ਪੌਲੁਸ ਦੋਹਾਂ 'ਤੇ ਕਲੀਸੀਆ ਦੇ ਅੰਦਰੋਂ ਅਤੇ ਬਾਹਰੋਂ ਬੇਹੱਦ ਦਬਾਅ ਸੀ, ''ਸਭਨਾਂ ਲਈ ਸਭ ਕੁੱਝ'' ਬਹਿਸ ਦਾ ਪੌਲੁਸ ਦਾ ਤਹੱਈਆ 'ਤੇ ਪਹਿਲਾਂ ਹੀ ਚਰਚਾ ਹੋ ਚੁਕੀ ਹੈ।

(1) ਯਹੂਦੀ ਧਰਮ ਦਾ ਨਿਰਾਲਾਪਨ! ਨਵੇਂ ਅਹਿਦਨਾਮੇ ਵਿਚ ਸਰਕਾਰੀ ਇਖ਼ਤਿਆਰ ਅਤੇ ਧਾਰਮਿਕ ਇਖ਼ਤਿਆਰ ਵਿਚ ਫ਼ਰਕ ਕੀਤਾ ਜਾਂਦਾ ਹੈ। ਸਾਨੂੰ ਚਾਹੀਦਾ ਹੈ ਕਿ ''ਜਿਹੜੀਆਂ ਚੀਜ਼ਾਂ ਕੈਸਰ ਦੀਆਂ ਹਨ ਉਹ ਕੈਸਰ ਨੂੰ ਅਤੇ ਜਿਹੜੀਆਂ ਪ੍ਰਮੇਸ਼ਵਰ ਦੀਆਂ ਹਨ ਉਹ ਪ੍ਰਮੇਸ਼ਵਰ ਨੂੰ'' ਦਈਏ (ਮੱਤੀ 22:21ਅ; 1 ਪਤਰਸ 2:17 ਵੀ ਵੇਖੋ)। ਜਦ ਤਕ ਦੇਸ਼ ਦਾ ਕਾਨੂੰਨ ਖ਼ੁਦਾ ਦੇ ਕਾਨੂੰਨ ਦੇ ਉਲਟ ਨਾ ਹੋਵੇ (ਰਸੂਲਾਂ ਦੇ ਕੰਮ 5:29) ਸਾਨੂੰ ਚਾਹੀਦਾ ਹੈ ਕਿ ਦੇਸ਼ ਦੇ ਕਾਨੂੰਨ ਦਾ ਪਾਲਨ ਕਰੀਏ (ਰੋਮੀਆਂ 13:1-7),[2] ਉਹਦੇ ਮੁਕਾਬਲੇ ਪੁਰਾਣੇ ਅਹਿਦਨਾਮੇ ਵਿਚ ਸਰਕਾਰੀ ਅਤੇ ਧਾਰਮਿਕ ਇਖ਼ਤਿਆਰ ਆਪੋ ਵਿਚ ਮਿਲੇ ਹੋਏ ਸਨ। ਮੂਸਾ ਦੀ ਸ਼ਰ੍ਹਾ ਵਿਚ ਧਾਰਮਿਕ ਅਤੇ ਸਮਾਜਕ ਨਿਯਮ ਆਪੋ ਵਿਚ ਮਿਲੇ ਹੋਏ ਸਨ। ਇਸਰਾਏਲੀਆਂ ਲਈ ਇਹ ਨਿਯਮ ਉਨ੍ਹਾਂ ਧਾਰਮਿਕ ਕੰਮ ਕਾਜ ਨੂੰ ਹੀ ਨਹੀਂ ਸਗੋਂ, ਕੌਮ ਦੇ ਰੂਪ ਵਿਚ ਉਨ੍ਹਾਂ ਦੇ ਸਭ ਕੰਮਾਂ ਨੂੰ ਵੀ ਚਲਾਉਂਦੇ ਸਨ। ਜਿਸ ਕਰਕੇ, ਜਿਵੇਂ ਪਹਿਲਾਂ ਧਿਆਨ ਦੁਆਇਆ ਗਿਆ ਹੈ, ਬਹੁਤ ਯਹੂਦੀਆਂ

ਨੂੰ ਅਪਣੇ ਧਰਮ ਅਤੇ ਕੌਮ ਵਿਚ ਫ਼ਰਕ ਕਰਨਾ ਬਹੁਤ ਔਖਾ ਲਗਦਾ ਸੀ। ਘੱਟੋ-ਘੱਟ 70ਈ: ਵਿਚ ਹੈਕਲ ਦੇ ਡਿੱਗਣ ਤਕ ਬਹੁਤੇ ਯਹੂਦੀ ਕੁਰਬਾਨੀਆਂ ਦੇਣ ਨੂੰ ਅਪਣੀ ਕੌਮੀ ਵਿਰਾਸਤ ਦੇ ਰੂਪ ਵਿਚ ਵੇਖਦੇ ਸਨ। ਇਹ ਕਾਰਨ ਅਗਲੀ ਗੱਲ ਖ਼ਾਸ 'ਚ ਜੁੜਿਆ ਹੋਇਆ ਹੈ।

(2) ਆਰਜੀ ਦੌਰ। ਕਾਨੂੰਨੀ ਰੂਪ ਵਿਚ ਜਿਸ ਵਿਚ ਕੁਰਬਾਨੀਆਂ ਨਾਲ ਸਬੰਧਿਤ ਨਿਯਮ ਸਨ, ਨੂੰ ਸਲੀਬ ਉੱਤੇ ਕਿੱਲਾਂ ਨਾਲ ਜੜ ਦਿੱਤਾ ਗਿਆ ਸੀ (ਕੁਲੁੱਸੀਆਂ 2:14, 16)। ਅਮਲੀ ਤੌਰ 'ਤੇ, ਖ਼ੁਦਾ ਨੇ ਯਹੂਦੀ ਧਰਮ ਨੂੰ ਮਸੀਹੀਅਤ ਵਿਚ ਬਦਲਣ ਲਈ ਆਰਜ਼ੀ ਸਮਾਂ ਅਤੇ ਮੌਕਾ ਦਿੱਤਾ ਗਿਆ।[3] ਇਸੇ ਕਰਕੇ, ਕੁੱਝ ਆਇਤਾਂ ਤਾਂ ਯਿਸੂ ਦੀ ਮੌਤ ਸਮੇਂ ਸ਼ਰ੍ਹਾ ਦੇ ਖ਼ਤਮ ਹੋਣ ਦੀ ਗੱਲ ਕਰਦੀਆਂ ਹਨ (ਅਫ਼ਸੀਆਂ 2:14, 15) ਜਦਕਿ ਕੁਝ ਸ਼ਰ੍ਹਾ ਦੇ ਹੌਲੀ ਹੌਲੀ ਬਦਲਣ ਦੀ। ਮਿਸਾਲ ਦੇ ਤੌਰ 'ਤੇ ਇਬਰਾਨੀਆਂ 8:13 ਵਿਚ ਪਹਿਲੇ ਨੇਮ ਨੂੰ ''ਪੁਰਾਣਾ'' ਕਿਹਾ ਗਿਆ ਹੈ ਅਤੇ ਫਿਰ ਇਹ ਕਿ ''ਜੋ ਕੁਝ ਪੁਰਾਣਾ ਹੋਇਆ ਅਤੇ ਚਿਰਕਾਲ ਦਾ ਹੈ ਉਹ ਅਲੋਪ ਹੋਣ ਦੇ ਨੇੜੇ ਹੈ'' (2 ਕੁਰਿੰਥੀਆਂ 3:7-11 ਵੀ ਵੇਖੋ)। ਮੈਥਿਊ ਹੇਡਨ ਨੇ ਲਿਖਿਆ ਹੈ, ''ਰਵਾਇਤੀ ਸ਼ਰ੍ਹਾ ... ਮਰ ਗਈ ਸੀ, ਦਫ਼ਨਾਈ ਨਹੀਂ ਗਈ ਸੀ।''[4] ਆਖ਼ਰ ਖ਼ੁਦਾ ਨੇ ਸ਼ਰ੍ਹਾ ਨੂੰ ''ਦਫ਼ਨਾਇਆ'' ਕਦੋਂ? ਬਹੁਤੇ ਲੋਕ ਮੰਨਦੇ ਹਨ ਕਿ 70ਈ: ਵਿਚ ਹੈਕਲ ਦੇ ਕਹਿਣ ਦੀ ਇਜਾਜ਼ਤ ਦੇ ਕੇ ਖ਼ੁਦਾ ਨੇ ਉਹ ਆਰਜ਼ੀ ਦੌਰ ਦੇ ਮੁੱਕਣ ਦਾ ਸੰਕੇਤ ਦਿੱਤਾ, ਜੇ ਇਹ ਮਰੀ ਹੈ, ਤਾਂ 57ਈ: ਵਿਚ ਪੌਲੁਸ ਦੇ ਹੈਕਲ ਵਿਚ ਜਾਣ ਸਮੇਂ ਯਹੂਦੀ ਲੋਕ ਆਰਜ਼ੀ ਦੌਰ ਵਿਚ ਹੀ ਸਨ। ਇਹ ਗੱਲ ਅਗਲੀ ਨਾਲ ਮੇਲ ਖਾਂਦੀ ਹੈ:

(3) ਸਿਲਸਿਲੇਵਾਰ ਦਿੱਤਾ ਗਿਆ ਮੁਕਾਸ਼ਫ਼ਾ। ਰਸੂਲਾਂ ਦੇ ਕੰਮ ਦਾ ਅਧਿਐਨ ਕਰਦਿਆਂ ਅਸੀਂ ਵੇਖਿਆ ਹੈ ਕਿ ਖ਼ੁਦਾ ਨੇ ਆਪਣੀ ਇੱਛਾ ਇਕੋ ਵਾਰੀ 'ਚ ਨਹੀਂ, ਸਗੋਂ ਜਿਵੇਂ-ਜਿਵੇਂ ਲੋੜ ਪੈਂਦੀ ਰਹੀ ਅਤੇ ਲੋਕ ਇਸ ਨੂੰ ਸਹਾਰ ਸਕਦੇ ਸਨ, ਜ਼ਾਹਰ ਕੀਤੀ। ਮਿਸਾਲ ਦੇ ਤੌਰ 'ਤੇ ਪੈਂਟੀਕਾਸਟ ਵਾਲੇ ਦਿਨ ਪਤਰਸ ਦੇ ਸੰਦੇਸ਼ ਵਿਚ ਖ਼ੁਦਾ ਦੀ ਪੂਰੀ ਯੋਜਨਾ ਦੇ ਤੌਰ 'ਤੇ ਗੈਰ ਕੌਮਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਸੀ (ਰਸੂਲਾਂ ਦੇ ਕੰਮ 2:39), ਪਰ ਪਤਰਸ ਨੂੰ ਇਹਦੀ ਸਮਝ ਉਦੋਂ ਤਕ ਨਹੀਂ ਆਈ ਜਦ ਤਕ ਉਹਨੂੰ ਖ਼ਾਸ ਦਰਸ਼ਨ ਨਹੀਂ ਮਿਲਿਆ (ਰਸੂਲਾਂ ਦੇ ਕੰਮ 10)। ਸੁਝਾਅ ਦਿੱਤਾ ਗਿਆ ਹੈ ਕਿ ਭਾਵੇਂ ਪੌਲੁਸ ਨੇ ਗਲਾਤੀਆਂ ਅਤੇ ਰੋਮੀਆਂ ਦੇ ਨਾਂਅ ਪੱਤਰੀਆਂ ਲਿਖੀਆਂ, ਪਰ ਉਹਨੂੰ ਕੁਰਬਾਨੀਆਂ ਬਾਰੇ ਉਨ੍ਹਾਂ ਕਿਤਾਬਾਂ ਦੀ ਤਰਕਸੰਗਤ ਪ੍ਰਾਸੰਗਿਕਤਾ ਦੀ ਸਮਝ ਨਹੀਂ ਸੀ। ਇਹ ਕਈ ਸਾਲਾਂ ਬਾਅਦ ਹੋਣਾ ਸੀ ਜਦ ਖ਼ੁਦਾ ਨੇ ਇਸ ਤਰ੍ਹਾਂ ਦੇ ਸ਼ਬਦ ਲਿਖਣ ਦੀ ਪ੍ਰੇਰਨਾ ਦਿੱਤੀ:[5] '' ... ਸੋ ਜਿੱਥੇ ਉਨ੍ਹਾਂ ਦੀ ਮਾਫ਼ੀ ਹੈ ਉੱਥੇ ਪਾਪ ਲਈ ਫੇਰ ਭੇਟ ਨਹੀਂ ਚੜ੍ਹਾਈ ਜਾਂਦੀ'' (ਇਬਰਾਨੀਆਂ 10:6, 18)। ਹੁਣ ਖ਼ੁਦਾ ਦਾ ਮੁਕਾਸ਼ਫ਼ਾ ਮੁਕੰਮਲ ਹੋ ਚੁਕਿਆ ਹੈ (2 ਪਤਰਸ 1:3; ਯਹੂਦਾ 3); ਪਰ ਪੌਲੁਸ ਦੇ ਹੈਕਲ ਵਿਚ ਜਾਣ ਸਮੇਂ ਨਹੀਂ ਸੀ।

ਇਹ ਕਹਿਣਾ ਸਹੀ ਹੋ ਸਕਦਾ ਹੈ ਕਿ ਪੌਲੁਸ ਨੇ ''ਹਾਲਾਤ ਮੁਤਾਬਕ'' ਸਹੀ ਕੀਤਾ ਕਿਉਂਕਿ ਉੱਪਰ ਲਿਖੀਆਂ ਗੱਲਾਂ ਬਾਈਬਲ ਵਿਚ ਹੀ ਮਿਲਦੀਆਂ ਹਨ। ਫਿਰ ਵੀ, ਮੈਨੂੰ ਇਹ ਕਹਿਣਾ ਔਖਾ ਲਗਦਾ ਹੈ ਕਿ ਯਿਸੂ ਵਲੋਂ ਪਾਪਾਂ ਦੀ ਸੰਪੂਰਣ ਕੁਰਬਾਨੀ ਦੇਣ ਲਈ ਪਾਪ ਲਈ ਕੁਰਬਾਨੀ ਦੇਣ ਦੀ ਖ਼ਾਹਸ਼ ਕਰਕੇ ਪੌਲੁਸ ਨੇ ਸਹੀ ਕੀਤਾ। ਬਹੁਤਿਆਂ ਨੂੰ ਜੋ ਇਸ ਦੂਜੀ ਗੱਲ ਨੂੰ ਮੰਨਦੇ ਹਨ, ਪਤਾ ਹੈ ਕਿ ਇਸ ਮੁਸ਼ਕਿਲ 'ਤੇ ਖ਼ਾਸ ਧਿਆਨ ਦੇਣ ਦੀ ਲੋੜ ਹੈ। ਇਸ ਮੁਸ਼ਕਿਲ ਨੂੰ ਸਮਝਣ ਵਾਲੇ, ਐਡਮ ਕਲਾਰਕ ਤੇ ਟੈਕਸ ਚੁਕਾਉਣ ਨਾਲ ਮਿਲਾਇਆ ਹੈ ਕਿਉਂਕਿ

''ਰਾਜ ਦੇ ਮੰਤਰੀਆਂ ਦਾ ਖਰਚਾ ਇਸੇ ਤੋਂ ਚਲਦਾ ਸੀ।''[6] ਇਕ ਹੋਰ ਆਦਮੀ ਇਨ੍ਹਾਂ ਕੁਰਬਾਨੀਆਂ ਨੂੰ ਦੇਸ਼ ਦਾ ਕਾਨੂੰਨ ਤੋੜਨ ਤੇ ਸਾਡੇ ਵਲੋਂ ਚੁਕਾਏ ਗਏ ਜ਼ੁਰਮਾਨੇ ਨਾਲ ਕਰਦਾ ਹੈ।[7]

ਮੇਰੀ ਮੁਸ਼ਕਿਲ ਨਜ਼ੀਰੀ ਮੰਨਤ ਬਾਰੇ ਨਿਯਮ ਨੂੰ ਪੜ੍ਹ ਕੇ ਹੈ: ਮੰਨਤ ਮੰਨਣ ਵਾਲੇ ਵਲੋਂ ਲਿਆਂਦੇ ਗਏ ਪੰਛੀਆਂ ਵਿਚੋਂ ਇਕ ਨੂੰ ''ਉਹਦੇ ਲਈ ਪ੍ਰਾਸ਼ਚਿਤ'' (ਗਿਣਤੀ 6:11) ਕਰਨ ਲਈ ''ਪਾਪ ਬਲੀ'' ਦੇ ਤੌਰ 'ਤੇ ਚੜ੍ਹਾਇਆ ਜਾਂਦਾ ਸੀ। ਕਈ ਵਾਰ ਅਸੀਂ ਵਾਕਾਂਸ਼ ''ਪ੍ਰਾਸ਼ਚਿਤ ਕਰਨਾ'' ਨੂੰ ਕਿਸੇ ਆਦਮੀ ਲਈ ਅਪਣੀ ਸਾਥੀ ਦੇ ਸਬੰਧ ਵਿਚ ਵਰਤਦੇ ਹਾਂ, ਪਰ ਯਹੂਦੀਆਂ ਲਈ ਗਿਣਤੀ 6 ਦੇ ਇਸ ਵਾਕਾਂਸ਼ ਤੋਂ ਕੀ ਭਾਵ ਸੀ। ਯਕੀਨਨ ਹੀ ਉਹ ਇਸ ਨੂੰ ਖ਼ੁਦਾ ਨਾਲ ਉਸ ਆਦਮੀ ਦੇ ਸਬੰਧ ਲਈ ਵਰਤਦੇ ਸਨ। ਸ਼ਾਇਦ ਪੌਲੁਸ ਨੂੰ ਪਤਾ ਸੀ ਕਿ ਭੇਟ ਕੀਤੀਆਂ ਗਈਆਂ ਕੁਰਬਾਨੀਆਂ ਦਾ ਕਿਸੇ ਦੀ ਆਤਮਾ ਦੀ ਮੁਕਤੀ ਨਾਲ ਕੋਈ ਸਬੰਧ ਨਹੀਂ ਸੀ, ਪਰ ਭਲਾ ਯਾਜਕ ਇਸ ਗੱਨ ਨੂੰ ਸਮਝ ਸਕਦੇ ਸਨ? ਭਲਾ ਕੋਈ ਬੇਦੀਨ ਯਹੂਦੀ, ਜਿਹਨੇ ਪੌਲੁਸ ਨੂੰ ਕੁਰਬਾਨੀਆਂ ਲਈ ਇੰਤਜ਼ਾਮ ਕਰਦਾ ਵੇਖਿਆ ਹੋਵੇ, ਇਸ ਨੂੰ ਸਮਝ ਗਿਆ ਹੋਵੇਗਾ? ਮੈਂ ਇਹ ਵਿਚਾਰ ਕੀਤੇ ਬਗੈਰ ਨਹੀਂ ਰਹਿ ਸਕਦਾ ਕਿ ਪੌਲੁਸ ਦੇ ਕਾਰਜ 'ਤੇ ਸਵਾਲ ਉਠਾਇਆ ਜਾ ਸਕਦਾ ਸੀ।

### ਸ਼ਰਤ ਸਹਿਤ ''ਨਾਂਹ''

ਮੈਂ ਕਾਫੀ ਬਲਕਿ ਬਹੁਤੇ ਲੋਕਾਂ ਨਾਲੋਂ ਸੰਤੁਸ਼ਟ ਹਾਂ ਜੋ ਪੌਲੁਸ ਦੇ ਕਾਰਜ ਕਰਕੇ ਉਹਦੀ ਪੈਰਵੀ ਨਹੀਂ ਕਰ ਸਕਦੇ, ਪਰ ਉਹਦੇ ਨਾਲ ਹਮਦਰਦੀ ਵਿਖਾ ਸਕਦੇ ਹਨ। ਇਹ ਧੜਾ ਮੰਨਦਾ ਹੈ ਕਿ ਪੌਲੁਸ ਦੇ ਉਸ ਕਾਰਜ ਵਿਚ ਹਾਲਾਤ ਅਹਿਮ ਨਹੀਂ ਸਨ, ਪਰ ਇਹ ਲਹੂ ਦੀ ਕੁਰਬਾਨੀ ਦੇਣ ਵਿਚ ਉਹਦੇ ਸ਼ਾਮਿਲ ਹੋਣ ਨੂੰ ਸਹੀ ਨਹੀਂ ਠਹਿਰਾਉਂਦਾ।

ਇਸ ਧੜੇ ਦੇ ਬਹੁਤ ਸਾਰੇ ਲੋਕ ਨਿਰੇ ''ਪਾਪ'' ਸ਼ਬਦ ਦੀ ਵਰਤੋਂ ਤੋਂ ਬਚਦੇ ਹਨ। ਇਸ ਕਰਕੇ ਇਹਦੀ ਥਾਂ ਉਹ ਆਮਤੌਰ 'ਤੇ ''ਗਲਤੀ'' ਸ਼ਬਦ ਦੀ ਵਰਤੋਂ ਕਰਦੇ ਹਨ। ਉਨ੍ਹਾਂ ਵਿਚ ਇਸ ਬਾਰੇ ਫਰਕ ਪਾਇਆ ਜਾਂਦਾ ਹੈ ਕਿ ''ਗਲਤੀ'' ਕਿੰਨੀ ਗੰਭੀਰ ਹੈ, ਪਰ ਉਹ ਇਸੇ ਸ਼ਬਦ ਦੀ ਵਰਤੋਂ ਕਰਦੇ ਹਨ। ਇਕ ਪ੍ਰਚਾਰਕ ਅਤੇ ਉਸਤਾਦ ਜਿਸ ਦੀ ਮੈਂ ਇੱਜਤ ਕਰਦਾ ਹਾਂ, ਨੇ ਹਾਲ ਹੀ ਵਿਚ ਲਿਖਿਆ ਹੈ, ''ਮੈਂ ਤਾਂ ਇਹ ਸਿਖਾਉਂਦਾ ਹਾਂ ਕਿ ਪੌਲੁਸ ਨੇ ਗਲਤੀ ਕੀਤੀ ਸੀ।''[8] ਪਿਛਲੇ ਪਾਠ ਦੇ ਸ਼ੁਰੂ 'ਚ ਮੈਂ ਜੀ.ਕੈਂਪਬੈਲ ਮੋਰਗਨ ਦਾ ਹਵਾਲਾ ਦਿੱਤਾ ਸੀ ਜਿਸ ਨੇ ਕਿਹਾ ਸੀ ਕਿ ''ਪੌਲੁਸ ਨੇ ਇਥੇ ਅਪਣੀ ਸੇਵਕਾਈ ਦੀ ਸਭ ਤੋਂ ਵੱਡੀ ਭੁੱਲ ਕੀਤੀ ਹੈ।''

ਯਾਦ ਰੱਖੋ ਕਿ ਸਾਨੂੰ ਬਾਈਬਲ ਦੇ ਕਿਸੇ ਵੀ ਪਾਤਰ ਦੇ ਹਰ ਕਾਰਜ ਨੂੰ ਜਾਇਜ ਠਹਿਰਾਉਣ ਦੀ ਲੋੜ ਨਹੀਂ ਹੈ। ਭਾਵੇਂ ਉਹ ਸਭ ਤੋਂ ਚੰਗਾ ਹੀ ਕਿਉਂ ਨਾ ਹੋਵੇ। ਐਲਡਰ ਗਲਤੀ ਕਰ ਸਕਦੇ ਸਨ ਅਤੇ ਅੱਜ ਵੀ ਕਰ ਸਕਦੇ ਹਨ, ਇਥੋਂ ਤਕ ਕਿ ਖ਼ੁਦਾ ਦੀ ਪ੍ਰੇਰਣਾ ਪਾਏ ਲੋਕਾਂ ਨੇ ਵੀ ਗਲਤੀਆਂ ਕੀਤੀਆਂ (ਗਲਾਤੀਆਂ 2:11-14)। ਪੌਲੁਸ ਨੇ ਖੁਦ ਆਖਿਆ ਕਿ ਉਹ ਸਿੱਧ ਨਹੀਂ ਹਨ (ਫ਼ਿਲਿੱਪੀਆਂ 3:12) ਸਗੋਂ ਇਕ ਪਾਪੀ ਸੀ (ਰੋਮੀਆਂ 3:23)।[9]

### ਪੱਕੀ ''ਨਾਂਹ!''

ਕੁਝ ਲੋਕ ਜਿਨ੍ਹਾਂ ਦਾ ਧੜਾ ਸ਼ਾਇਦ ਸਭ ਤੋਂ ਛੋਟਾ ਹੈ, ਇਹ ਜ਼ੋਰ ਦਿੰਦੇ ਹਨ ਕਿ ਪੌਲੁਸ ਨੇ ਗਲਤ ਕੀਤਾ ਅਤੇ ਜੋ ਕੁਝ ਉਹਨੇ ਕੀਤਾ ਉਹਦੇ ਲਈ ਕੋਈ ਬਹਾਨਾ ਨਹੀਂ ਸੀ! ਹੋ ਸਕਦਾ

ਹੈ ਕਿ ਇਹ ਧੜਾ ਸਹੀ ਹੋਵੇ, ਪਰ ਇਨ੍ਹਾਂ ਦੀ ਸਥਿਤੀ ਜਿੰਨੀ ਵੀ ਹੋ ਸਕੇ ਦੂਜਿਆਂ ਦੇ ਕੰਮਾਂ 'ਤੇ ਬਨਾਉਣ ਦੇ ਬੁਨਿਆਦੀ ਸਿਧਾਂਤ ਦੀ ਉਲੰਘਣਾ ਲਗਦੀ ਹੈ (1 ਕੁਰਿੰਥੀਆਂ 13:7)।

## ਖੁਦਾ ਦਾ ਨਿਰਣਾਇਕ ਵਚਨ

ਖ਼ੁਦਾ ਨੂੰ ਇਹ ਸਹੀ ਨਹੀਂ ਲੱਗਾ ਕਿ ਸਾਨੂੰ ਦੱਸੇ ਕਿ ਪੌਲੁਸ ਦਾ ਕਾਰਜ ਉਹਨੂੰ ਕਿਹੋ ਜਿਹਾ ਲੱਗਾ, ਇਸ ਕਰਕੇ ਸਾਨੂੰ ਇਸ ਬਾਰੇ ਧਰਮ ਸਿਧਾਂਤਾਂ ਦੇ ਆਧਾਰ 'ਤੇ ਬੋਲਣ ਤੋਂ ਪਰਹੇਜ ਕਰਨਾ ਚਾਹੀਦਾ ਹੈ ਕਿ ਪੌਲੁਸ ਦੇ ਕੰਮ ਕਿੱਥੇ ਸਹੀ ਸਨ ਅਤੇ ਕਿੱਥੇ ਗਲਤ। ਪਰ ਅੱਜ ਕੁਰਬਾਨੀਆਂ ਬਾਰੇ ਪਹਿਲਾਂ ਉੱਠਣ ਵਾਲੇ ਅਤੇ ਦੂਜੇ ਸਵਾਲ ਬਾਰੇ, ਖ਼ੁਦਾ ਨੇ ਗੱਲ *ਕੀਤੀ* ਅਤੇ ਸਾਨੂੰ ਉਸੇ ਦੀ ਸੁਣਨੀ ਚਾਹੀਦੀ ਹੈ। ਖ਼ੁਦਾ ਨੇ ਕਿਹਾ ਹੈ ਕਿ ਅੱਜ ਪੌਲੁਸ ਜਾਂ ਕਿਸੇ ਹੋਰ ਲਈ ਲਹੂ ਦੀ ਕੁਰਬਾਨੀ ਚੜ੍ਹਾਉਣਾ ਸਹੀ *ਨਹੀਂ* ਹੋਵੇਗਾ।

### ਇਕ ਪੱਕਾ ਦਾਅਵਾ

ਪੌਲੁਸ ਵਲੋਂ ਮੰਦਰ ਵਿਚ ਹਫਤਾ ਬਿਤਾਉਣ ਦੇ ਕੁਝ ਦੇਰ ਬਾਅਦ, ਖ਼ੁਦਾ ਨੇ ਇਬਰਾਨੀਆਂ ਦੀ ਕਿਤਾਬ ਲਿਖਵਾਈ,[10] ਜੋ ਜਾਂ ਤਾਂ ਪੌਲੁਸ ਨੇ ਜਾਂ ਉਸਦੇ ਸਾਥੀਆਂ ਵਿਚੋਂ ਕਿਸੇ ਨੇ ਲਿਖੀ ਹੈ।[11] ਇਬਰਾਨੀਆਂ ਦੀ ਕਿਤਾਬ ਇਬਰਾਨੀ (ਭਾਵ ਯਹੂਦੀ) ਮਸੀਹੀਆਂ ਦੇ ਨਾਂਹ ਲਿਖੀ ਗਈ ਜੋ ਪੁਰਾਣੀਆਂ ਰਵਾਇਤਾਂ ਵੱਲ ਮੁੜਨ ਦੇ ਛਲਾਵੇ ਵਿਚ ਆ ਗਏ ਸਨ। ਲੇਖਕ ਨੇ ਤਰਕ ਦਿਤਾ ਕਿ ਮਸੀਹੀਅਤ ਵਿਚ ਸਭ ਤੋਂ ਉੱਤਮ ਹੈ, ਜਿਸ ਕਰਕੇ ਉਨ੍ਹਾਂ ਲਈ ਯਹੂਦੀ ਵਿਸ਼ਵਾਸ ਵਿਚ ਮੁੜਨਾ ਬੇਵਕੂਫ਼ੀ ਹੀ ਨਹੀਂ ਸਗੋਂ ਅਨਰਥ ਹੋਵੇਗਾ। ਡੋਨਲਡ ਬਾਰਨਹਾਊਸ ਇਸ ਨੂੰ ਇਸ ਤਰਾਂ ਕਹਿੰਦਾ ਹੈ, ''ਇਬਰਾਨੀਆਂ ਦੀ ਕਿਤਾਬ ਇਬਰਾਨੀਆਂ ਦੇ ਨਾਂਅ ਉਨ੍ਹਾਂ ਨੂੰ ਇਹ ਦੱਸਣ ਲਈ ਲਿਖੀ ਗਈ ਕਿ ਉਹ ਇਬਰਾਨੀ ਬਣਨਾ ਛੱਡ ਦੇਣ!''[12]

ਇਸ ਸਵਾਲ ਨਾਲ ਜੁੜੇ ਮੁੱਖ ਅਧਿਆਇ ਇਬਰਾਨੀਆਂ 7 ਤੋਂ 10 ਹਨ। 7 ਅਤੇ 8 ਅਧਿਆਵਾਂ ਵਿਚ ਲੇਖਕ ਨੇ ਧਿਆਨ ਦੁਆਇਆ ਹੈ ਕਿ ਹਾਰੂਨ ਵਾਲੀ ਯਾਜਕਾਈ ਖਤਮ ਹੋ ਚੁਕੀ ਹੈ। ਅਧਿਆਇ 9 ਅਤੇ 10 ਵਿਚ ਉਸ ਨੇ ਜੋਰ ਦਿੱਤਾ ਹੈ ਕਿ ਮਸੀਹ ਦੀ ਕੁਰਬਾਨੀ ਨੇ ਬੇਜ਼ਬਾਨ ਜਾਨਵਰਾਂ ਦੀ ਥਾਂ ਲੈ ਲਈ ਹੈ। ਤੁਹਾਨੂੰ ਚਾਹੀਦਾ ਹੈ ਕਿ ਇਨ੍ਹਾਂ ਚਾਰਾਂ ਅਧਿਆਵਾਂ ਦਾ ਅਧਿਐਨ ਬੜੇ ਧਿਆਨ ਨਾਲ ਕਰੋ। ਹੁਣ ਲਈ, ਆਓ ਕੁਰਬਾਨੀ ਚੜ੍ਹਾਉਣ ਨਾਲ ਸਬੰਧਿਤ ਇਕ ਭਾਗ ਨੂੰ ਵੇਖਦੇ ਹਾਂ:

> ਕਿਉਂ ਜੋ ਅਣਹੋਣਾ ਹੈ ਭਈ ਵਹਿੜਕਿਆਂ ਅਤੇ ਬੱਕਰਿਆਂ ਦਾ ਲਹੂ ਪਾਪਾਂ ਨੂੰ ਲੈ ਜਾਵੇ। ਇਸ ਲਈ ਉਹ ਸੰਸਾਰ ਵਿਚ ਆਉਂਦਾ ਹੋਇਆ ਆਖਦਾ ਹੈ ਬਲੀਦਾਨ ਅਰ ਭੇਟ ਤੂੰ ਨਹੀਂ ਚਾਹਿਆ, ਪਰ ਮੇਰੇ ਲਈ ਦੇਹੀ ਤਿਆਰ ਕੀਤੀ। ਹੋਮਬਲੀ ਅਰ ਪਾਪਬਲੀ ਤੋਂ ਤੂੰ ਪਰਸੰਨ ਨਹੀਂ ਹੁੰਦਾ, ਤਦ ਮੈਂ ਆਖਿਆ, ਵੇਖ, ਮੈਂ ਆਇਆ ਹਾਂ, ਹੇ ਪ੍ਰਮੇਸ਼ਵਰ, ਭਈ ਤੇਰੀ ਇੱਛਿਆ ਨੂੰ ਪੂਰਿਆਂ ਕਰਾਂ, ਜਿਵੇਂ ਪੁਸਤਕ ਦੀ ਪੱਤਰੀ ਵਿਚ ਮੇਰੇ ਵਿਖੇ ਲਿਖਿਆ ਹੋਇਆ ਹੈ। ਉੱਪਰ ਜੋ ਕਹਿੰਦਾ ਹੈ ਭਈ ਤੈਂ ਬਲੀਦਾਨਾਂ, ਭੇਟਾਂ, ਹੋਮਬਲੀਆਂ ਅਰ ਪਾਪਬਲੀਆਂ ਨੂੰ ਨਾ ਚਾਹਿਆ, ਨਾ ਉਨ੍ਹਾਂ ਤੋਂ ਪਰਸੰਨ ਹੋਇਆ, ਪਰ ਇਹ ਸ਼ਰ੍ਹਾ ਦੇ ਅਨੁਸਾਰ ਚੜ੍ਹਾਏ ਜਾਂਦੇ ਹਨ। ਤਦ ਓਨ ਆਖਿਆ, ਵੇਖ, ਮੈਂ ਤੇਰੀ ਇੱਛਿਆ ਨੂੰ ਪੂਰਿਆਂ ਕਰਨ ਆਇਆ ਹਾਂ। ਉਹ ਪਹਿਲੇ ਨੂੰ ਹਟਾਉਂਦਾ ਹੈ ਭਈ ਦੂਏ ਨੂੰ ਕਾਇਮ ਕਰੇ। ਅਤੇ ਓਸੇ ਇੱਛਿਆ ਕਰਕੇ ਅਸੀਂ ਯਿਸੂ ਮਸੀਹ ਦੀ ਦੇਹੀ ਦੇ ਇੱਕੋ

ਵਾਰ ਚੜ੍ਹਾਏ ਜਾਣ ਦੇ ਰਾਹੀਂ ਪਵਿੱਤਰ ਕੀਤੇ ਗਏ ਹਾਂ। ... ਕਿਉਂ ਜੋ ਉਹ ਨੇ ਇੱਕੋ ਭੇਟ ਨਾਲ ਉਨ੍ਹਾਂ ਨੂੰ ਜਿਹੜੇ ਡਪਵਿੱਤਰ ਕੀਤੇ ਜਾਂਦੇ ਹਨ ਸਦਾ ਲਈ ਸੰਪੂਰਨ ਕੀਤਾ ਹੈ। ਅਤੇ ਪਵਿੱਤਰ ਆਤਮਾ ਭੀ ਸਾਨੂੰ ਸਾਖੀ ਦਿੰਦਾ ਹੈ ਕਿਉਂ ਜੋ ਇਹ ਦੇ ਮਗਰੋਂ ਜਦ ਆਖਿਆ ਸੀ, ਏਹ ਉਹ ਨੇਮ ਹੈ ਜਿਹੜਾ ਮੈਂ ਉਨ੍ਹਾਂ ਨਾਲ ਬੰਨ੍ਹਾਂਗਾ, ਉਨ੍ਹਾਂ ਦਿਨਾਂ ਦੇ ਮਗਰੋਂ, ਪ੍ਰਭੂ ਆਖਦਾ ਹੈ, ਮੈਂ ਆਪਣੇ ਕਾਨੂੰਨ ਉਨ੍ਹਾਂ ਦਿਆਂ ਹਿਰਦਿਆਂ ਉੱਤੇ ਪਾਵਾਂਗਾ, ਅਤੇ ਉਨ੍ਹਾਂ ਦਿਆਂ ਮਨਾਂ ਉੱਤੇ ਉਨ੍ਹਾਂ ਨੂੰ ਲਿਖਾਂਗਾ, ਅਤੇ ਉਨ੍ਹਾਂ ਦੇ ਪਾਪਾਂ ਨੂੰ ਅਤੇ ਉਨ੍ਹਾਂ ਦੀਆਂ ਬਦਕਾਰੀਆਂ ਨੂੰ ਫੇਰ ਕਦੇ ਚੇਤੇ ਨਾ ਕਰਾਂਗਾ। ਸੋ ਜਿੱਥੇ ਇਹਨਾਂ ਦੀ ਮਾਫ਼ੀ ਹੈ ਉੱਥੇ ਪਾਪਾ ਲਈ ਫੇਰ ਭੇਟ ਨਹੀਂ ਚੜ੍ਹਾਈ ਜਾਂਦੀ (ਇਬਰਾਨੀਆਂ 10:4-18)।

ਜਾਹਰ ਹੈ ਕਿ ਮਸੀਹੀ ਲੋਕਾਂ ਦੇ ਇਬਰਾਨੀਆਂ ਦੀਆਂ ਸਿਖਿਆਵਾਂ ਦਾ ਅਸਰ ਸੀ ਕਿ ਕਿਉਂਕਿ ਜਿਵੇਂ ਬਰਟਨ ਕਾਫਮੈਨ ਨੇ ਟਿਪਣੀ ਕੀਤੀ ਹੈ, ''ਲਿਸਿਆਸ ਵਲੋਂ ਮੰਦਰ ਦੀ ਭੀੜ ਤੋਂ ਪੌਲੁਸ ਦੇ ਬਚਾਅ ਦੇ ਨਾਲ ਅਜਿਹਾ ਕੋਈ ਇਤਿਹਾਸ ਨਹੀਂ ਹੈ ਕਿ ਇਸਦੇ ਬਾਅਦ ਫੇਰ ਕਿਸੇ ਮਸੀਹੀ ਨੇ ਯਹੂਦੀ ਹੈਕਲ ਵਿਚ ਪੈਰ ਰਖਿਆ ਹੋਵੇ।''[13]

**ਇਕ ਫ਼ੈਸਲਾਕੁੰਨ ਕਾਰਜ**

ਜੇ ਕਿਸੇ ਨੂੰ ਉਸ ਤੋਂ ਸੰਦੇਸ਼ ਨਹੀਂ ਮਿਲਿਆ ਤਾਂ ਖ਼ੁਦਾ ਨੇ ਕੁਝ ਸਾਲਾਂ ਬਾਅਦ ਹਮੇਸ਼ਾਂ ਲਈ ਉਸ ਮਸਲੇ ਦਾ ਹਲ ਕਰ ਦਿੱਤਾ, ਉਸਨੇ ਹੈਕਲ ਦੀ ਤਬਾਹੀ ਦੀ ਇਜਾਜਤ ਦੇ ਦਿੱਤੀ। ਕਾਫ਼ਮੈਨ ਦਾ ਸੁਝਾਅ ਹੈ, ''ਪ੍ਰਭੂ ਨੂੰ ਪਤਾ ਸੀ ਕਿ [ਹੈਕਲ ਦੀਆਂ] ਰਵਾਇਤਾਂ ਅਤੇ ਕੁਰਬਾਨੀਆਂ ਸਭ ਯਹੂਦੀਆਂ 'ਤੇ ਐਨਾ ਦਬਾਅ ਪਾਉਣਗੀਆਂ ਕਿ ਉਨ੍ਹਾਂ ਨੂੰ ਅਪਣੇ ਵਿਚੋਂ ਕੱਢਣ ਦੀ ਬਜਾਏ ਖ਼ੁਦਾ ਉਨ੍ਹਾਂ ਨੂੰ ਯਹੂਦੀਆਂ ਵਿਚੋਂ ਕੱਢ ਦੇਵੇਗਾ।''[14] ਹੈਕਲ ਦੀ ਬਰਬਾਦੀ ਦੀ ਗੱਲ ਕਰਦਿਆਂ, ਐਡਮ ਕਲਾਰਕ ਨੇ ਕਿਹਾ ਹੈ, ''ਖ਼ੁਦਾ ਨੇ ਅਪਣੇ ਇੰਤਜ਼ਾਮ ਰਾਹੀਂ ਸ਼ਰ੍ਹਾ ਨੂੰ ਪੂਰਾ ਕਰਨਾ *ਨਾਮੁਮਕਿਨ* ਕਰਕੇ ਮੂਸਾ ਦੇ ਯੁਗ ਦਾ ਖਾਤਮਾ ਕਰ ਦਿੱਤਾ।''[15]

70ਈ: ਵਿਚ ਹੈਕਲ ਦੀ ਬਰਬਾਦੀ ਅਤੇ ਕੁਰਬਾਨੀਆਂ ਚੜ੍ਹਾਏ ਜਾਣਾ ਬੰਦ ਹੋਣ ਦੀ ਨਬੂਵਤ ਬਹੁਤ ਪਹਿਲਾਂ ਕੀਤੀ ਗਈ ਸੀ। ਦਾਨੀਏਲ ਨੇ ਕਿਹਾ ਸੀ ਕਿ ਪਵਿੱਤਰ ਸਥਾਨ ਪੈਰਾਂ ਰੋਲ ਦਿੱਤਾ ਜਾਵੇਗਾ (ਦਾਨੀਏਲ 8:13), ਸ਼ਹਿਰ ਅਤੇ ਪਵਿੱਤਰ ਥਾਂ ਨਾਸ ਹੋ ਜਾਵੇਗਾ (9:26), ਕੁਰਬਾਨੀ ਅਤੇ ਭੇਟਾਂ ਬੰਦ ਹੋ ਜਾਣਗੀਆਂ (9:27) ਅਤੇ ''ਸਦਾ ਦੀ ਹੋਮ ਦੀ ਬਲੀ ਹਟਾਈ ਜਾਵੇਗੀ'' (12:11)।[16] ਇਸ ਨਬੀ ਨੇ ''ਉਜਾੜਨ'' ਅਤੇ ''ਘਿਨਾਉਣਾ'' ਸ਼ਬਦਾਂ ਦੀ ਵਰਤੋਂ ਕਰਕੇ ਬਹੁਤ ਵੱਡੀ ਤਬਾਹੀ ਦੀ ਗੱਲ ਕੀਤੀ ਸੀ (9:26, 27)। ਛੇ ਸੌ ਤੋਂ ਵੱਧ ਸਾਲਾਂ ਬਾਅਦ, ਹੈਕਲ ਵਿਚੋਂ ਨਿਕਲ ਕੇ ਜਾਂਦਿਆਂ ਯਿਸੂ ਨੇ ਅਪਣੇ ਚੇਲਿਆਂ ਨੂੰ ਇਹ ਕਹਿ ਕੇ ਦੰਗ ਕਰ ਦਿੱਤਾ ਸੀ ਕਿ ''ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਇਥੇ ਪੱਥਰ 'ਤੇ ਪੱਥਰ ਛੱਡਿਆ ਨਾ ਜਾਵੇਗਾ ਜੋ ਡੇਗਿਆ ਨਾ ਜਾਵੇ''(ਮੱਤੀ 24:2ਅ)। ਜਦ ਉਸ ਤੋਂ ਇਸ ਵਾਕ ਬਾਰੇ ਪੁੱਛਿਆ ਗਿਆ ਤਾਂ ਉਹਨੇ ਦਾਨੀਏਲ ਦੀ ਨਬੂਵਤ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ ''ਉਪਰੰਤ ਜਦ ਤੁਸੀਂ ਉਸ ਉਜਾੜਨ ਵਾਲੀ ਘਿਣਾਉਣੀ ਚੀਜ਼ ਨੂੰ ਜਿਹ ਦੀ ਖ਼ਬਰ ਦਾਨੀਏਲ ਨਬੀ ਨੇ ਦਿੱਤੀ ਪਵਿੱਤਰ ਥਾਂ ਵਿਚ ਖੜੀ ਵੇਖੋਗੇ...'' (ਮੱਤੀ 24:15; ਵੇਖੋ ਆਇਤ 21)।[17] ਚਾਲੀ ਕੁ ਸਾਲ ਬਾਅਦ, ਰੋਮੀ ਫ਼ੌਜ ਨੇ ਹੈਕਲ ਸਮੇਤ ਯਰੂਸ਼ਲਮ ਨੂੰ ਤਹਿਸ ਨਹਿਸ ਕਰ ਦਿੱਤਾ। ਜਿਸ ਨਾਲ ਕੁਰਬਾਨੀ ਦਾ ਯਹੂਦੀ ਪ੍ਰਬੰਧ ''ਗੁਜ਼ਰੇ ਜ਼ਮਾਨੇ ਦੀ ਗੱਲ ਹੋ ਗਈ।''[18]

ਅੱਜ ਯਹੂਦੀ ਹੋਈਏ ਜਾਂ ਗੈਰ ਯਹੂਦੀ ਸਾਨੂੰ ਧਰਤੀ 'ਤੇ ਕਿਸੇ ਯਾਜਕ ਕੋਲ ਨਹੀਂ ਸਗੋਂ ਅਪਣੇ ''ਇਕ ਮਹਾਂ ਪ੍ਰਧਾਨ ਯਾਜਕ... ਅਰਥਾਤ ਪ੍ਰਮੇਸ਼ਵਰ ਦਾ ਪੁੱਤਰ ਯਿਸੂ''(ਇਬਰਾਨੀਆਂ 4:14) ਕੋਲ ਆਉਣਾ ਚਾਹੀਦਾ ਹੈ, ''ਜਿਹੜਾ ਆਕਾਸ਼ਾਂ 'ਤੇ ਪ੍ਰਤਾਪੀ ਪ੍ਰਮੇਸ਼ਵਰ ਦੇ ਸੱਜੇ ਹਥ ਵਿਰਾਜਮਾਨ ਹੈ''(ਇਬਰਾਨੀਆਂ 8:1)। ਸਾਨੂੰ ਵੱਛਿਆਂ ਅਤੇ ਬਕਰਿਆਂ ਦੀ ਕੁਰਬਾਨੀ ਨਹੀਂ (ਇਬਰਾਨੀਆਂ 10:4) ਸਗੋਂ ਯਿਸੂ ਦੀ ਕਾਮਲ ਕੁਰਬਾਨੀ ਦੇਣ ਲਈ (9: 26) ''ਉਹ ਦੇ ਦੁਆਰਾ ਉਸਤਤ ਦਾ ਬਲੀਦਾਨ ਅਰਥਾਤ ਉਨ੍ਹਾਂ ਬੁੱਲ੍ਹਾਂ ਦਾ ਫਲ ਜਿਹੜੇ ਉਹ ਦੇ ਨਾਮ ਨੂੰ ਮੰਨ ਲੈਂਦੇ ਹਨ ਪ੍ਰਮੇਸ਼ਵਰ ਦੇ ਅੱਗੇ ਸਦਾ'' ਚੜ੍ਹਾਉਣਾ ਚਾਹੀਦਾ ਹੈ! (ਇਬਰਾਨੀਆਂ 13:15)।

## ਸਾਰ

ਹੈਕਲ ਵਿਚ ਕੁਰਬਾਨੀ ਦੇਣ ਵਿਚ ਪੌਲੁਸ ਦੇ ਯੋਗਦਾਨ ਨਾਲ ਜੁੜੇ ਦੋ ਪਾਠਾਂ ਦੇ ਬਾਅਦ ਵੀ ਸਾਡੀ ਖ਼ਾਹਸ਼ ਐਡਮ ਕਲਾਰਕ ਨਾਲ ਇਹ ਕਹਿਣ ਦੀ ਹੈ ਕਿ: ''ਇਸ ਕਾਰਜ ਵਿਚ ਜ਼ਰੂਰ ਹੀ ਕੁਝ ਅਜਿਹਾ ਲਗਦਾ ਹੈ ਜਿਸ ਦੀ ਸਾਨੂੰ ਪੂਰੀ ਸਮਝ ਨਹੀਂ ਹੈ।''[19] ਪਰ ਇਕ ਸਾਫ ਨਿਚੋੜ ਇਹ ਹੈ ਕਿ ਪੁਰਾਣੀਆਂ ਆਦਤਾਂ ਮੁਸ਼ਕਿਲ ਨਾਲ ਹੀ ਛੁੱਟਦੀਆਂ ਹਨ। ਯਰੂਸ਼ਲਮ ਦੇ ਐਲਡਰ ਇਸ ਸੱਚਾਈ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਸਨ। ਪੌਲੁਸ ਵੀ ਇਸ ਸੱਚਾਈ ਨੂੰ ਕਬੂਲ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਮੈਂ ਅਤੇ ਤੁਸੀਂ ਵੀ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਸਾਨੂੰ ਇਕ ਗੱਲ ਯਾਦ ਰੱਖਣ ਦੀ ਲੋੜ ਹੈ ਕਿ ਸਭ ਤੋਂ ਅਹਿਮ ਗੱਲ ਜੋ ਸਾਨੂੰ ਮੰਨਣੀ ਚਾਹੀਦੀ ਹੈ ਉਹ ਇਹ ਨਹੀਂ ਹੈ ਕਿ ਕੋਈ ਚੀਜ਼ ਪੁਰਾਣੀ ਹੈ ਜਾਂ ਨਵੀਂ ਸਗੋਂ ਇਹ ਹੈ ਕਿ ਉਹ ਸਹੀ ਹੈ ਜਾਂ ਗਲਤ, ਅਤੇ ਇਸ ਗੱਲ ਨੂੰ ਖ਼ੁਦਾ ਦੇ ਵਚਨ ਨਾਲ ਮਿਲਾ ਕੇ ਹੀ ਤੈਅ ਕਰਨਾ ਚਾਹੀਦਾ ਹੈ! ਉਸ ਵਚਨ ਪ੍ਰਤੀ ਤੁਹਾਡੀ ਵਚਨਬੱਧਤਾ ਨੂੰ ਨਵਿਆਉਣ ਦਾ ਇਹ ਬੇਹਤਰੀਨ ਸਮਾਂ ਹੈ!

---

ਟਿੱਪਣੀਆਂ

[1]*ਟਰੁੱਥ ਫ਼ਾਰ ਟੁਡੇ* ਦੀ ਪੰਜਾਬੀ ਕਿਤਾਬ ''ਰਸੂਲਾਂ ਦੇ ਕੰਮ, 3'' ਦੇ ਪਾਠ ''ਜਦ ਤੁਸੀਂ ਸਹਿਮਤ ਨਹੀਂ ਹੋ ਸਕਦੇ'' ਵਿਚ ਮੈਂ ਪੌਲੁਸ ਵਲੋਂ ਤਿਮੋਥਿਉਸ ਦੀ ਸੁੰਨਤ ਬਾਰੇ ''ਸਭਨਾਂ ਲਈ ਸਭ ਕੁਝ ਬਣਨ'' ਸਬੰਧੀ ਵਿਚ ਸੰਖੇਪ ਚਰਚਾ ਜੋੜੀ ਸੀ। [2]*ਟਰੁੱਥ ਫ਼ਾਰ ਟੁਡੇ* ਦੀ ਪੰਜਾਬੀ ਕਿਤਾਬ ''ਰਸੂਲਾਂ ਦੇ ਕੰਮ, 1'' ਵਿਚ 204 ਸਫ਼ੇ ਤੇ ''ਮਸੀਹੀ ਲੋਕ ਅਤੇ ਸਰਕਾਰ'' ਵਾਲਾ ਪਾਠ ਵੇਖੋ। [3]ਯਹੂਦੀਆ ਤੇ ਇਹ ਤਰਸ ਕਰਨ ਲਈ ਖ਼ੁਦਾ ਉਨ੍ਹਾਂ ਦਾ ਕਰਜਾਈ ਨਹੀਂ ਸੀ, ਇਸ ਕਰਕੇ ਮੈਨੂੰ ਇਕ ਲੇਖਕ ਵਲੋਂ ਵਰਤਿਆ ਗਿਆ ਵਾਕਾਂਸ਼ ''ਕਿਰਪਾ ਜਾਂ ਫ਼ਜ਼ਲ ਦਾ ਯੁੱਗ'' ਚੰਗਾ ਲਗਦਾ ਹੈ। [4]ਮੈਥਿਊ ਹੈਨਰੀ, *ਕਮੈਂਟਰੀ ਆਨ ਦ ਹੋਲ ਬਾਈਬਲ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲਿਸ਼ਿੰਗ ਹਾਊਸ, 1961), 1723. [5]ਇਹ ਪੱਕਾ ਪਤਾ ਨਹੀਂ ਹੈ ਕਿ ਇਬਰਾਨੀਆਂ ਦੀ ਕਿਤਾਬ ਕਦੋਂ ਲਿਖੀ ਗਈ ਸੀ, ਇਸ ਵਿਚ ਯਾਜਕਾਂ ਦੇ ਕੁਰਬਾਨੀ ਚੜ੍ਹਾਉਣ ਦੀ ਗੱਲ ਕਹੀ ਗਈ ਹੈ (ਇਬਰਾਨੀਆਂ 10:11), ਇਸ ਕਰਕੇ ਸ਼ਾਇਦ ਇਹ 70ਈ: ਵਿਚ ਹੈਕਲ ਦੇ ਢਹਿਣ ਤੋਂ ਪਹਿਲਾਂ ਲਿਖੀ ਗਈ। ਐਨਾ ਅਸੀਂ ਦਾਅਵੇ ਕਹਿ ਸਕਦੇ ਹਾਂ ਕਿ ਇਹ 57ਈ: ਵਿਚ ਯਰੂਸ਼ਲਮ 'ਚ ਪੌਲੁਸ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਲਿਖੀ ਗਈ ਸੀ। [6]ਐਡਮ ਕਲਾਰਕ, *ਦ ਹੋਲੀ ਬਾਈਬਲ ਵਿਦ ਏ ਕਮੈਂਟਰੀ ਐਂਡ ਕਰਿਟਿਕਲ ਨੋਟਸ,* ਅੰਕ 5, *ਮੈਥਿਊ-ਐਕਟਸ* (ਨੈਸ਼ਵਿੱਲੇ: ਅਬਿੰਗਡਨ ਪ੍ਰੈਸ, ਮਿਤੀ ਰਹਿਤ), 861. [7]ਨਿੱਜੀ ਫ਼ੋਨ ਕਾਲ, 8 ਦਿਸੰਬਰ 1996. [8]ਰੌਏ ਐਚ. ਲੇਨਿਅਰ, ਜੂਨੀ., ਨਿੱਜੀ ਪੱਤਰ, 7 ਦਿਸੰਬਰ 1995. [9]ਗਲਤੀ ਮੰਨਣ ਦੀ ਪੌਲੁਸ ਦੀ ਉਦਾਹਰਣ ਲਈ,

ਵੇਖੋ ਰਸੂਲਾਂ ਦੇ ਕੰਮ 23:5. [10]ਟਿੱਪਣੀ 5 ਵੇਖੋ।

[11]‘‘ਸਰਵੇ ਆਫ਼ ਦ ਨਿਊ ਟੈਸਟਾਮੈਂਟ (ਅੰਗ੍ਰੇਜ਼ੀ ਅੰਕ, ਜੁਲਾਈ 1993)’’ ਦੇ ਸਫ਼ਾ 37 ’ਤੇ ਇਬਰਾਨੀਆਂ ਦੀ ਕਿਤਾਬ ਤੇ ਮੇਰੀ ਜਾਣ ਪਛਾਣ ਵੇਖੋ। [12]ਵਾਰੇਨ ਡਬਲਯੂ. ਵਿਅਰਸਬੇ, *ਦ ਬਾਈਬਲ ਐਕਸਪੋਜਿਸ਼ਨ ਕਮੈਂਟਰੀ,* ਅੰਕ 1 (ਵ੍ਹੀਟਨ, ਇਲਿਨੋਇਸ: ਵਿਕਟਰ ਬੁਕਸ, 1989), 490 ਵਿਚ ਦੁਹਰਾਇਆ ਗਿਆ। [13]ਜੇਮਸ ਬਰਟਨ ਕਾਫ਼ਮੈਨ, *ਕਮੈਂਟਰੀ ਆਨ ਐਕਟਸ* (ਆਸਟਿਨ, ਟੈਕਸਸ: ਫ਼ਰਮ ਫਾਊਂਡੇਸ਼ਨ ਪਬਲਿਸ਼ਿੰਗ ਹਾਊਸ, 1976), 8. [14]ਉਹੀ, 408. [15]ਕਲਾਰਕ, 859. [16]ਦਾਨੀਏਲ ਦੀ ਕਿਤਾਬ ਦੀ ਵਿਆਖਿਆ ਕਿਤਾਬ ਦੇ ਦਾਇਰੇ ’ਚੋਂ ਬਾਹਰ ਹੈ। ਪਰ ਬਹੁਤੇ ਵਿਦਵਾਨ ਸਹਿਮਤ ਹਨ ਕਿ ਇਹ 70ਈ: ਵਿਚ ਹੈਕਲ ਦੀ ਬਰਬਾਦੀ ਦੀ ਹੀ ਗੱਲ ਹੈ। [17]ਆਇਤ 3 ਵਿਚ, ਚੇਲੇ ਆਪਣੇ ਖਿਆਲ ’ਚ ਇਕੋ ਸਵਾਲ ਹੀ ਪੁੱਛ ਰਹੇ ਸਨ (ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਯਰੂਸ਼ਲਮ ਦੀ ਬਰਬਾਦੀ ਦੇ ਨਾਲ ਹੀ ਦੁਨੀਆਂ ਤਬਾਹ ਹੋ ਜਾਵੇਗੀ)। ਅਸਲ ’ਚ ਉਹ ਯਰੂਸ਼ਲਮ ਦੀ ਬਰਬਾਦੀ ਅਤੇ ਦੁਨੀਆਂ ਦੇ ਖਾਤਮੇ ਬਾਰੇ ਵੀ *ਸਵਾਲ* ਪੁੱਛ ਰਹੇ ਸਨ। ਇਸ ਕਰਕੇ ਅਧਿਆਇ ਦਾ ਪਹਿਲਾ ਹਿੱਸਾ ਮੁੱਖ ਤੌਰ ’ਤੇ ਯਰੂਸ਼ਲਮ ਬਾਰੇ ਹੈ ਜਦ ਕਿ ਆਖਰੀ ਹਿੱਸਾ ਮੁੱਖ ਤੌਰ ’ਤੇ ਸੰਸਾਰ ਦੇ ਅੰਤ ਬਾਰੇ ਹੈ। ਆਉਣ ਵਾਲੀ ਲੜੀ ਮਸੀਹ ਦੀ ਜ਼ਿੰਦਗੀ ਵਿਚ ਮੱਤੀ 24 ’ਤੇ ਚਰਚਾ ਕੀਤੀ ਜਾਵੇਗੀ। [18]ਰਿਚਰਡ ਓਸਟਰ, *ਦ ਐਕਟਸ ਆਫ਼ ਦ ਅਪੋਸਟਲਜ਼,* ਦ ਲਿਵਿੰਗ ਵਰਡ ਕਮੈਂਟਰੀ ਸੀਰੀਜ਼, ਭਾਗ 2 (ਆਸਟਿਨ, ਟੈਕਸਸ: ਸਵੀਟ ਪਬਲਿਸ਼ਿੰਗ ਕੰ., 1979), 124 ਇਹ ਵੀ ਧਿਆਨ ਦਿੱਤਾ ਜਾ ਸਕਦਾ ਹੈ ਕਿ ਯਹੂਦੀਆਂ ਨੇ ਬਾਅਦ ਵਿਚ ਯਹੂਦੀ ਮਸੀਹੀਆ ਦੇ ਸਿਲਾਗੋਗ ਦੀਆਂ ਬੰਦਗੀਆਂ ਵਿਚ ਆਉਣ ਦਾ ਮਾਮਲਾ ਸੁਲਝਾ ਲਿਆ, ਪਹਿਲੀ ਸਦੀ ਦੇ ਉਸ ਆਖਰੀ ਦਹਾਕੇ ਵਿਚ, ਉਨ੍ਹਾਂ ਨੇ ਇਹ ਦੁਆ ਵੀ ਜੋੜ ਲਈ ਕਿ ‘‘ਨਾਸਰੀ ਅਤੇ ਧਰਮ ਵਿਰੋਧੀ ਫ਼ੌਰਨ ਨਾਸ ਹੋ ਜਾਣ ਅਤੇ ਜ਼ਿੰਦਗੀ ਦੀ ਕਿਤਾਬ ਵਿੱਚੋਂ ਉਨ੍ਹਾਂ ਦਾ ਨਾਂਅ ਕੱਢਿਆ ਜਾਵੇ’’ (ਐਫ਼, ਐਫ਼ ਬਰੂਸ, *ਦ ਬੁਕ ਆਫ਼ ਐਕਟਸ,* ਸੋਧਿਆ ਅੰਕ [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1988], 428). [19]ਕਲਾਰਕ, 860.

© 2009 Truth for Today